8

ਡਿਸਏਬਿਲਟੀ ਅਲਾਇੰਸ ਬੀ ਸੀ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2019

# ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤਾ ਲੈ ਰਹੇ ਲੋਕਾਂ ਲਈ ਟਰੱਸਟ

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਡਿਸਏਬਿਲਟੀ ਅਲਾਇੰਸ ਬੀ ਸੀ ਨੇ ਇਹ ਹੈਲਪ ਸ਼ੀਟ ਟਰੱਸਟਾਂ ਬਾਰੇ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਹੈ। ਜੇ ਤੁਸੀਂ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤਾ ਲੈ ਰਹੇ ਹੋ, ਤੁਹਾਡਾ ਡਿਸਏਬਿਲਟੀ ਦਰਜਾ ਹੈ, ਜਾਂ ਕਿਸੇ ਸਪੈਸ਼ਲ ਕੇਅਰ ਫਾਸਿਲਟੀ ਵਿਚ ਰਹਿੰਦੇ ਹੋ ਤਾਂ ਤੁਹਾਨੂੰ ਟਰੱਸਟ ਵਿਚ ਪੈਸੇ ਰੱਖਣ ਦੀ ਅਤੇ ਅਜੇ ਵੀ ਪੀ ਡਬਲਯੂ ਡੀ ਭੱਤੇ ਲੈਣ ਦੀ ਆਗਿਆ ਹੋ ਸਕਦੀ ਹੈ।

ਉਹ ਪਰਿਵਾਰ ਜਿਨ੍ਹਾਂ ਦਾ ਇਕ ਵਿਅਕਤੀ ਪੀ ਡਬਲਯੂ ਡੀ ਉੱਪਰ ਹੈ, ਉਹ ਸੰਪਤੀ ਵਿਚ 100,000 ਡਾਲਰ ਤੱਕ ਰੱਖ ਸਕਦੇ ਹਨ, ਅਤੇ ਦੋ ਲੋਕਾਂ ਵਾਲੇ ਪਰਿਵਾਰ ਜਿਨ੍ਹਾਂ ਦੇ ਦੋਨੋਂ ਵਿਅਕਤੀ ਪੀ ਡਬਲਯੂ ਡੀ ਦਰਜੇ ਵਾਲੇ ਹਨ, ਉਹ 200,000 ਡਾਲਰ ਤੱਕ ਰੱਖ ਸਕਦੇ ਹਨ। ਨਤੀਜੇ ਵਜੋਂ, ਪੀ ਡਬਲਯੂ ਡੀ ਉੱਪਰਲੇ ਉਹ ਵਿਅਕਤੀ ਜਿਨ੍ਹਾਂ ਕੋਲ 100,000 ਡਾਲਰ ਨਾਲੋਂ ਘੱਟ ਦੀ ਸੰਪਤੀ ਹੈ, ਜ਼ਿਆਦਾ ਸੰਭਾਵਨਾ ਹੈ ਕਿ ਉਨ੍ਹਾਂ ਨੂੰ ਪੀ ਡਬਲਯੂ ਡੀ ਭੱਤੇ ਲੈਣ ਲਈ ਡਿਸਏਬਿਲਟੀ ਟਰੱਸਟ ਸ਼ੁਰੂ ਕਰਨ ਦੀ ਲੋੜ ਨਹੀਂ ਹੈ। ਡਿਸਏਬਿਲਟੀ ਟਰੱਸਟ 100,000 ਡਾਲਰ ਨਾਲੋਂ ਜ਼ਿਆਦਾ ਦੀ ਸੰਪਤੀ ਵਾਲੇ ਪਰਿਵਾਰਾਂ ਲਈ ਉਪਲਬਧ ਹੈ।

ਡਿਸਏਬਿਲਟੀ ਟਰੱਸਟ ਇਕ ਕਾਨੂੰਨੀ ਡਾਕੂਮੈਂਟ ਦੇ ਤੌਰ ’ਤੇ ਬਣਾਇਆ ਜਾਂਦਾ ਹੈ ਜਿਸ ਲਈ ਖਾਸ ਗਾਈਡਲਾਈਨਾਂ ਦੀ ਪਾਲਣਾ ਕਰਨੀ ਪੈਂਦੀ ਹੈ। ਤੁਹਾਨੂੰ ਟਰੱਸਟ ਦੇ ਡਾਕੂਮੈਂਟ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਕੋਲ ਦਰਜ ਕਰਵਾਉਣ ਦੀ ਲੋੜ ਪਵੇਗੀ। ਤੁਹਾਡਾ ਟਰੱਸਟ ਐਗਰੀਮੈਂਟ ਤਿਆਰ ਹੋ ਜਾਣ ਅਤੇ ਐੱਮ ਐੱਸ ਡੀ ਪੀ ਆਰ ਕੋਲ ਦਰਜ ਕਰਵਾ ਦਿੱਤੇ ਜਾਣ ਤੋਂ ਬਾਅਦ, ਇਸ ਦੇ ਕਾਨੂੰਨੀ ਸਲਾਹਕਾਰ ਤੁਹਾਨੂੰ ਇਹ ਦੱਸਣਗੇ ਕਿ ਕੀ ਟਰੱਸਟ ਨੂੰ ਡਿਸਏਬਿਲਟੀ ਟਰੱਸਟ ਵਜੋਂ ਪ੍ਰਵਾਨ ਕਰ ਲਿਆ ਗਿਆ ਹੈ ਜਾਂ ਨਹੀਂ। ਇਸ ਕਾਰਵਾਈ ਨੂੰ ਕਈ ਹਫਤੇ ਲੱਗ ਸਕਦੇ ਹਨ।

ਇਹ ਹੈਲਪ ਸ਼ੀਟ ਇਹ ਦੱਸਦੀ ਹੈ ਕਿ ਟਰੱਸਟ ਐਗਰੀਮੈਂਟ ਕੀ ਹੈ ਅਤੇ ਇਹ ਟਰੱਸਟਾਂ ਬਾਰੇ ਐੱਮ ਐੱਸ ਡੀ ਪੀ ਆਰ ਦੇ ਕੁਝ ਨਿਯਮਾਂ ਦਾ ਸੰਖੇਪ ਦੱਸਦੀ ਹੈ। ਇਹ ਤੁਹਾਨੂੰ ਇਹ ਨਹੀਂ ਦੱਸਦੀ ਕਿ ਟਰੱਸਟ ਕਿਵੇਂ ਬਣਾਉਣਾ ਹੈ – ਤੁਹਾਡੇ ਲਈ ਇਹ ਕਰਨ ਲਈ ਤੁਹਾਡੇ ਕੋਲ ਕੋਈ ਵਕੀਲ ਹੋਣਾ ਚਾਹੀਦਾ ਹੈ। ਕੁਝ ਕਮਿਊਨਟੀ ਸੰਸਥਾਵਾਂ ਵੀ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ। ਵੇਰਵਿਆਂ ਲਈ ਕਿਰਪਾ ਕਰਕੇ ਅਗਲਾ ਸਫਾ ਦੇਖੋ।



ਇਸ ਹੈਲਪ ਸ਼ੀਟ ਵਿਚਲੀ ਜਾਣਕਾਰੀ ਉਸ ਕਾਨੂੰਨ ’ਤੇ ਆਧਾਰਿਤ ਹੈ ਜਿਹੜਾ ਇਸ ਲਿਖਤ ਨੂੰ ਲਿਖਣ ਵੇਲੇ ਸੀ। ਕਾਨੂੰਨ ਅਤੇ ਪੌਲਸੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਹੈਲਪ ਸ਼ੀਟ ’ਤੇ ਤਾਰੀਕ ਚੈੱਕ ਕਰੋ।

# ਟਰੱਸਟ ਦੀ ਪਰਿਭਾਸ਼ਾ

ਟਰੱਸਟ ਇਕ ਖਾਸ ਕਾਨੂੰਨੀ ਐਗਰੀਮੈਂਟ ਰਾਹੀਂ ਪੈਸੇ ਇਕ ਪਾਸੇ ਰੱਖਣ ਦਾ ਇਕ ਤਰੀਕਾ ਹੈ। ਇਹ ਆਮ ਸੇਵਿੰਗਜ਼ ਅਕਾਊਂਟ ਜਾਂ ਟਰਮ ਡਿਪਾਜ਼ਿਟ ਵਾਂਗ ਨਹੀਂ ਹੈ। ਇਹ ਐਗਰੀਮੈਂਟ ਕਿਸੇ ਵਿਅਕਤੀ (ਟਰੱਸਟੀ) ਨੂੰ ਤੁਹਾਡੇ (ਬੈਨੇਫਿਸ਼ੀਏਰੀ) ਲਈ ਪੈਸੇ ਜਾਂ ਹੋਰ ਸੰਪਤੀ ਸਾਂਭਣ ਦੀ ਆਗਿਆ ਦਿੰਦਾ ਹੈ। ਟਰੱਸਟੀ ਲਈ ਇਸ ਚੀਜ਼ ਬਾਰੇ ਖਾਸ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਕਿ ਪੈਸੇ ਕਿਵੇਂ ਖਰਚੇ ਜਾਂਦੇ ਹਨ।

# ਤੁਸੀਂ ਟਰੱਸਟ ਬਣਾਉਣ ਬਾਰੇ ਕਿਉਂ ਵਿਚਾਰ ਕਰ ਸਕਦੇ ਹੋ

ਤੁਹਾਨੂੰ ਟਰੱਸਟ ਬਣਾਉਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ ਜੇ ਤੁਹਾਨੂੰ ਕੋਈ ਉੱਕੇ ਪੁੱਕੇ ਪੈਸੇ ਮਿਲਣੇ ਹਨ ਜਿਹੜੇ ਤੁਹਾਡੀ ਸੰਪਤੀ ਦੀ ਹੱਦ ਤੋਂ ਉੱਪਰ ਹਨ। ਪੀ ਡਬਲਯੂ ਡੀ ਭੱਤਿਆਂ ਲਈ ਯੋਗ ਹੋਣ ਲਈ, ਤੁਹਾਡੇ ਕੋਲ ਸੰਪਤੀ ਸਿਰਫ ਖਾਸ ਮਾਤਰਾ ਵਿਚ ਹੋ ਸਕਦੀ ਹੈ। ਉਦਾਹਰਣ ਲਈ, ਜੇ ਤੁਸੀਂ ਇਕੱਲੇ (ਸਿੰਗਲ) ਵਿਅਕਤੀ ਹੋ ਜਿਸ ਦੇ ਕੋਈ ਬੱਚੇ ਨਹੀਂ ਹਨ ਤਾਂ ਤੁਸੀਂ 100,000 ਡਾਲਰ ਨਾਲੋਂ ਜ਼ਿਆਦਾ ਨਹੀਂ ਰੱਖ ਸਕਦੇ। ਇਸ ਨੂੰ ਐਸਿਟ ਲਿਮਿਟ ਆਖਿਆ ਜਾਂਦਾ ਹੈ।

ਪੀ ਡਬਲਯੂ ਡੀ ਲੈਣ ਵਾਲੇ ਜਿਹੜੇ ਇਸ ਐਸਿਟ ਲਿਮਿਟ ਤੋਂ ਉੱਪਰ ਹਨ:

- ਉਨ੍ਹਾਂ ਲਈ ਉਦੋਂ ਤੱਕ ਮਹੀਨਾਵਾਰ ਭੱਤੇ ਲੈਣੇ ਬੰਦ ਕਰਨਾ ਜ਼ਰੂਰੀ ਹੈ ਜਦੋਂ ਤੱਕ ਉਹ ਆਪਣੀ ਐਸਿਟ ਲਿਮਿਟ ਦੇ ਵਿਚ ਨਹੀਂ ਆ ਜਾਂਦੇ, ਜਾਂ
- ਉਹ ਪੈਸੇ ਛੋਟ ਵਾਲੇ ਕਿਸੇ ਐਸਿਟ ਵਿਚ ਪਾ ਸਕਦੇ ਹਨ, ਜਿਵੇਂ ਕਿ ਟਰੱਸਟ ਵਿਚ, ਆਪਣੀ ਡਿਸਏਬਿਲਟੀ ਨਾਲ ਸੰਬੰਧਿਤ ਖਾਸ ਚੀਜ਼ਾਂ ਲਈ ਵਰਤ ਸਕਦੇ ਹਨ ਅਤੇ ਅਜੇ ਵੀ ਮਹੀਨਾਵਾਰ ਭੱਤੇ ਲੈ ਸਕਦੇ ਹਨ।

ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਪੈਸੇ ਮਿਲਣ ਤੋਂ ਪਹਿਲਾਂ ਟਰੱਸਟ ਬਣਾਉਣ ਬਾਰੇ ਵਿਚਾਰ ਕਰੋ। ਜਿੰਨੀ ਛੇਤੀ ਮਿਲੇ ਉੱਕਾ ਪੁੱਕਾ ਪੈਸੇ ਟਰੱਸਟ ਵਿਚ ਰੱਖੇ ਜਾਣਗੇ, ਓਨੀ ਘੱਟ ਸੰਭਾਵਨਾ ਹੀ ਤੁਹਾਡੇ ਮਹੀਨਾਵਾਰ ਭੱਤਿਆਂ ’ਤੇ ਅਸਰ ਪੈਣ ਦੀ ਹੈ। ਮਨਿਸਟਰੀ ਦੇ ਨਿਯਮ ਇਹ ਮੰਗ ਕਰਦੇ ਹਨ ਕਿ ਤੁਸੀਂ ਇਸ ਆਮਦਨ ਬਾਰੇ ਮਿਲਣ ਤੋਂ ਛੇਤੀ ਬਾਅਦ ਦੱਸੋ ਅਤੇ ਇਹ ਫੈਸਲਾ ਵੀ ਕੀਤਾ ਜਾ ਸਕਦਾ ਹੈ ਕਿ ਤੁਸੀਂ ਇਕ ਮਹੀਨੇ ਲਈ ਭੱਤੇ ਦੀ ਚੈੱਕ ਲੈਣ ਦੇ ਅਯੋਗ ਹੋ। ਪਹਿਲੇ ਮਹੀਨੇ ਤੋਂ ਬਾਅਦ, ਉੱਕਾ ਪੁੱਕਾ ਮਿਲੇ ਪੈਸਿਆਂ ਨੂੰ ਐਸਿਟ (ਸੰਪਤੀ) ਸਮਝਿਆ ਜਾ ਸਕਦਾ ਹੈ ਅਤੇ ਜੇ ਉਦੋਂ ਤੱਕ ਟਰੱਸਟ ਬਣ ਗਿਆ ਹੋਵੇ ਤਾਂ ਤੁਹਾਡੀ ਮਹੀਨਾਵਾਰ ਹੱਕਦਾਰੀ ’ਤੇ ਸਵਾਲ ਨਹੀਂ ਉੱਠਣਾ ਚਾਹੀਦਾ। ਇਸ ਹੈਲਪ ਸ਼ੀਟ ਵਿਚ **ਆਪਣੇ ਟਰੱਸਟ ਨੂੰ ਐੱਮ ਐੱਸ ਡੀ ਪੀ ਆਰ ਤੋਂ ਮਾਨਤਾ ਦਿਵਾਉਣਾ** ਦੇਖੋ।

# ਟਰੱਸਟਾਂ ਦੀਆਂ ਵੱਖ ਵੱਖ ਕਿਸਮਾਂ

ਐੱਮ ਐੱਸ ਡੀ ਪੀ ਆਰ ਦੇ ਨਿਯਮਾਂ ਹੇਠ, ਪੀ ਡਬਲਯੂ ਡੀ ਟਰੱਸਟਾਂ ਦੀਆਂ ਇਨ੍ਹਾਂ ਕਿਸਮਾਂ ਵਿੱਚੋਂ ਕੋਈ ਇਕ ਬਣਾ ਸਕਦੇ ਹਨ:

**ਡਿਸਕਰੈਸ਼ੇਨਰੀ ਟਰੱਸਟ** – ਟਰੱਸਟ ਵਿਚਲੇ ਪੈਸਿਆਂ ’ਤੇ ਤੁਹਾਡਾ ਕੋਈ ਕੰਟਰੋਲ ਨਹੀਂ ਹੁੰਦਾ। ਪੈਸੇ ਖਰਚਣ ਦੇ ਫੈਸਲੇ ਟਰੱਸਟੀ ਕਰਦਾ ਹੈ। ਪੈਸਿਆਂ ਦੀ ਉਸ ਮਾਤਰਾ ਦੀ ਕੋਈ ਹੱਦ ਨਹੀਂ ਹੈ ਜਿਹੜੇ ਡਿਸਕਰੈਸ਼ੇਨਰੀ ਟਰੱਸਟ ਵਿਚ ਰੱਖੇ ਜਾ ਸਕਦੇ ਹਨ।

**ਨੌਨ-ਡਿਸਕਰੈਸ਼ੇਨਰੀ ਟਰੱਸਟ** – ਟਰੱਸਟ ਵਿਚਲੇ ਪੈਸਿਆਂ ’ਤੇ ਤੁਹਾਡਾ ਟਰੱਸਟੀ ਰਾਹੀਂ ਕੰਟਰੋਲ ਹੁੰਦਾ ਹੈ। ਤੁਹਾਡੀਆਂ ਮੰਗਾਂ ਦੇ ਆਧਾਰ ’ਤੇ ਟਰੱਸਟੀ ਸਾਰੇ ਖਰਚੇ ਕਰਦਾ ਹੈ। ਤੁਸੀਂ ਕੋ-ਟਰੱਸਟੀ ਦੇ ਤੌਰ ’ਤੇ ਵੀ ਕੰਮ ਕਰ ਸਕਦੇ ਹੋ। ਜ਼ਿੰਦਗੀ ਵਿਚ ਰੱਖੇ ਜਾ ਸਕਣ ਵਾਲੇ ਪੈਸਿਆਂ ਦੀ 200,000 ਡਾਲਰ ਦੀ ਹੱਦ ਹੈ ਜਿਹੜੇ ਤੁਸੀਂ ਨੌਨ-ਡਿਸਕਰੈਸ਼ੇਨਰੀ ਟਰੱਸਟ ਵਿਚ ਰੱਖ ਸਕਦੇ ਹੋ। ਐੱਮ ਐੱਸ ਡੀ ਪੀ ਆਰ ਸਿਰਫ ਖਾਸ ਮਨਜ਼ੂਰੀ ਨਾਲ ਤੁਹਾਨੂੰ ਹੋਰ ਪੈਸੇ ਰੱਖਣ ਦੀ ਆਗਿਆ ਦੇ ਸਕਦੀ ਹੈ।

ਡਿਸਕਰੈਸ਼ੇਨਰੀ ਜਾਂ ਨੌਨ-ਡਿਸਕਰੈਸ਼ੇਨਰੀ ਟਰੱਸਟ ਵਿਚ ਫੰਡਾਂ ਦੇ ਇਲਾਵਾ, ਵੈਲਫੇਅਰ ਦਾ ਕਾਨੂੰਨ ਇਹ ਕਹਿੰਦਾ ਹੈ ਕਿ ਖਾਸ ਕਿਸਮਾਂ ਦੇ ਢਾਂਚਾਗਤ ਸੈਟਲਮੈਂਟ ਐਗਰੀਮੈਂਟਾਂ ਵਿਚ ਰੱਖੇ ਗਏ ਪੈਸਿਆਂ ਅਤੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਦਫਤਰ ਵਲੋਂ ਸਾਂਭੇ ਜਾਂਦੇ ਪੈਸਿਆਂ ਨੂੰ ਵੀ ਸੰਪਤੀ ਵਜੋਂ ਛੋਟ ਹੈ।

# ਟਰੱਸਟ ਕਿਵੇਂ ਕੰਮ ਕਰਦੇ ਹਨ

ਟਰੱਸਟਾਂ ਦੇ ਬੈਨੇਫਿਸ਼ੀਏਰੀ (ਲਾਭ-ਪਾਤਰ) ਅਤੇ ਟਰੱਸਟੀ ਹੁੰਦੇ ਹਨ। ਤੁਸੀਂ ਬੈਨੇਫਿਸ਼ੀਏਰੀ ਹੋ – ਉਹ ਵਿਅਕਤੀ ਜਿਸ ਨੂੰ ਟਰੱਸਟ ਤੋਂ ਪੈਸੇ ਮਿਲਦੇ ਹਨ।

ਟਰੱਸਟੀ ਉਹ ਵਿਅਕਤੀ ਹੈ ਜਿਹੜਾ ਟਰੱਸਟ ਨੂੰ ਚਲਾਉਂਦਾ ਹੈ ਜਾਂ ਚਲਾਉਣ ਵਿਚ ਮਦਦ ਕਰਦਾ ਹੈ। ਟਰੱਸਟੀ ਟਰੱਸਟ ਤੋਂ ਤੁਹਾਡੇ, ਬੈਨੇਫਿਸ਼ੀਏਰੀ ਤੱਕ ਪੈਸੇ ਜਾਣ ਦਾ ਪ੍ਰਬੰਧ ਕਰਦਾ ਹੈ। ਇਕ ਨਾਲੋਂ ਜ਼ਿਆਦਾ ਟਰੱਸਟੀ ਹੋ ਸਕਦੇ ਹਨ।

ਤੁਸੀਂ ਆਪਣੇ ਟਰੱਸਟੀ ਦੀ ਚੋਣ ਕਰ ਸਕਦੇ ਹੋ। ਇਹ ਕੋਈ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜਿਹੜਾ ਤੁਹਾਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਤੁਹਾਡੀਆਂ ਲੋੜਾਂ ਨੂੰ ਸਮਝਦਾ ਹੈ। ਆਪਣੇ ਟਰੱਸਟ ਲਈ ਤੁਹਾਨੂੰ ਕੋ-ਟਰੱਸਟੀ ਵੀ ਬਣਾਇਆ ਜਾ ਸਕਦਾ ਹੈ। ਇਸ ਦਾ ਮਤਲਬ ਹੈ ਕਿ ਤੁਸੀਂ ਕਿਸੇ ਟਰੱਸਟੀ ਨਾਲ ਰਲ ਕੇ ਆਪਣਾ ਟਰੱਸਟ ਚਲਾਉਂਦੇ ਹੋ।

ਟਰੱਸਟ ਬਣ ਜਾਣ ਤੋਂ ਬਾਅਦ, ਇਸ ਵਿਚ ਪੈਸੇ ਰੱਖੇ ਜਾ ਸਕਦੇ ਹਨ।

# ਟਰੱਸਟ ਦੇ ਪੈਸਿਆਂ ਦੀ ਵਰਤੋਂ ਕਰਨਾ

ਤੁਸੀਂ ਆਪਣੇ ਟਰੱਸਟ ਦੇ ਪੈਸੇ ਇਨ੍ਹਾਂ ਲਈ ਵਰਤ ਸਕਦੇ ਹੋ:
- ਦੇਖਭਾਲ ਕਰਨ ਵਾਲੇ ਦੀਆਂ ਸੇਵਾਵਾਂ
- ਪੜ੍ਹਾਈ ਜਾਂ ਟਰੇਨਿੰਗ
- ਤੁਹਾਡੀ ਡਿਸਏਬਿਲਟੀ ਕਰਕੇ ਘਰ ਵਿਚ ਲੋੜੀਂਦੀਆਂ ਰੈਨੋਵੇਸ਼ਨਾਂ
- ਘਰ ਦੀ ਸੰਭਾਲ ਲਈ ਰਿਪੇਅਰਾਂ
- ਮੈਡੀਕਲ ਏਡਜ਼
- ਆਜ਼ਾਦ ਰਹਿਣ ਦੇ ਖਰਚੇ: ਕੋਈ ਹੋਰ ਚੀਜ਼ ਜਾਂ ਖਰਚੇ ਜਿਹੜੇ ਜ਼ਿਆਦਾ ਆਜ਼ਾਦ ਰਹਿਣ ਵਿਚ ਤੁਹਾਡੀ ਮਦਦ ਕਰਨਗੇ (ਇਨ੍ਹਾਂ ਚੀਜ਼ਾਂ ਅਤੇ ਖਰਚਿਆਂ ਲਈ ਮਨਿਸਟਰੀ ਤੋਂ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ)।

ਭਾਵੇਂ ਕਿ ਇਸ ਦੀਆਂ ਕੋਈ ਹੱਦਾਂ ਨਹੀਂ ਹਨ ਕਿ ਆਪਣੇ ਟਰੱਸਟ ਦੇ ਕਿੰਨੇ ਪੈਸੇ ਤੁਸੀਂ ਹਰ ਸ੍ਰੇਣੀ ਉੱਪਰ ਖਰਚ ਕਰਦੇ ਹੋ, ਪਰ ਮਨਿਸਟਰੀ ਕਿਸੇ ਵੀ ਪੇਮੈਂਟ ਜਾਂ ਫੰਡ ਖਰਚੇ ਜਾਣ ਦਾ ਪਤਾ ਲਾਉਣ ਲਈ ਪੁੱਛ ਸਕਦੀ ਹੈ। ਤੁਹਾਨੂੰ ਅਤੇ/ਜਾਂ ਤੁਹਾਡੇ ਟਰੱਸਟੀ ਨੂੰ ਆਪਣੇ ਖਰਚਿਆਂ ਦੇ ਸਹੀ ਤਾਜ਼ਾ ਰਿਕਾਰਡ ਰੱਖਣੇ ਚਾਹੀਦੇ ਹਨ।

# ਟਰੱਸਟ ਬਣਾਉਣਾ: ਅਗਲੇ ਕਦਮ

ਜਿਵੇਂ ਕਿ ਅਸੀਂ ਉੱਪਰ ਜ਼ਿਕਰ ਕੀਤਾ ਹੈ, ਆਪਣਾ ਟਰੱਸਟ ਬਣਾਉਣ ਲਈ ਤੁਹਾਡੇ ਕੋਲ ਕੋਈ ਵਕੀਲ ਜਾਂ ਕਾਨੂੰਨੀ ਗਿਆਨ ਰੱਖਣ ਵਾਲਾ ਕੋਈ ਪੇਸ਼ਾਵਰ ਵਿਅਕਤੀ ਹੋਣਾ ਚਾਹੀਦਾ ਹੈ। ਇਹ ਵਿਅਕਤੀ ਨਾ ਸਿਰਫ ਟਰੱਸਟ ਬਾਰੇ ਕਾਨੂੰਨ ਸਮਝਣ ਵਾਲਾ ਹੋਣਾ ਚਾਹੀਦਾ ਹੈ, ਸਗੋਂ ਟਰੱਸਟਾਂ ਦੇ ਸੰਬੰਧ ਵਿਚ ਮਨਿਸਟਰੀ ਦੇ ਨਿਯਮ ਅਤੇ ਪੌਲਸੀ ਤੋਂ ਜਾਣੂ ਵੀ ਹੋਣਾ ਚਾਹੀਦਾ ਹੈ। ਇਸ ’ਤੇ ਪੈਸੇ ਲੱਗਣਗੇ, ਪਰ ਤੁਸੀਂ ਇਹ ਪੈਸੇ ਆਪਣੇ ਮਿਲਣ ਵਾਲੇ ਉੱਕਾ ਪੁੱਕਾ ਪੈਸਿਆਂ ਵਿੱਚੋਂ ਦੇਣ ਦੇ ਯੋਗ ਹੋਣੇ ਚਾਹੀਦੇ ਹੋ।

ਹੋਰ ਲੋਕ ਤੁਹਾਡੇ ਲਈ ਟਰੱਸਟ ਬਣਾ ਸਕਦੇ ਹਨ। ਇਕ ਆਮ ਤਰੀਕਾ ਪਰਿਵਾਰ ਦੇ ਮੈਂਬਰਾਂ ਵਲੋਂ ਆਪਣੀ ਵਸੀਅਤ ਵਿਚ ਟਰੱਸਟ ਦਾ ਪ੍ਰਬੰਧ ਕਰਨਾ ਹੈ। ਇਸ ਦਾ ਮਤਲਬ ਹੈ ਕਿ ਪਰਿਵਾਰ ਦੇ ਮੈਂਬਰ ਦੀ ਮੌਤ ਹੋ ਜਾਣ ’ਤੇ ਟਰੱਸਟ ਬਣ ਜਾਵੇਗਾ। ਜੇ ਤੁਹਾਡਾ ਪਰਿਵਾਰ ਜਾਂ ਦੋਸਤ ਤੁਹਾਡੇ ਲਈ ਟਰੱਸਟ ਬਣਾਉਣ ਦੀ ਵਿਉਂਤ ਬਣਾ ਰਹੇ ਹਨ ਤਾਂ ਇਹ ਪੱਕਾ ਕਰੋ ਕਿ ਉਹ ਇਹ ਸਮਝਦੇ ਹਨ ਕਿ ਐੱਮ ਐੱਸ ਡੀ ਪੀ ਆਰ ਦੇ ਇਸ ਬਾਰੇ ਨਿਯਮ ਹਨ ਕਿ ਇਹ ਕਿਸ ਤਰ੍ਹਾਂ ਬਣਾਇਆ ਜਾਣਾ ਜ਼ਰੂਰੀ ਹੈ।

ਦੋ ਕਮਿਊਨਟੀ ਸੰਸਥਾਵਾਂ ਜਿਹੜੀਆਂ ਟਰੱਸਟਾਂ ਬਾਰੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਜਾਣਕਾਰੀ ਦੇ ਸਕਦੀਆਂ ਹਨ, ਇਹ ਹਨ:

### ਕੋਸਟ ਫਾਊਂਡੇਸ਼ਨ

- ਮਾਨਸਿਕ ਸਿਹਤ ਦੀਆਂ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਟਰੱਸਟ ਬਣਾਉਣ ਵਿਚ ਮਦਦ ਕਰਦੀ ਹੈ।
  **ਟੈਲੀਫੋਨ:** 604-675-2321 ਜਾਂ **ਈਮੇਲ:** trust@coastmentalhealth.com

### ਪਲੈਨ ਇੰਸਟੀਚਿਊਟ

- ਉਨ੍ਹਾਂ ਵਕੀਲਾਂ ਦੀ ਲਿਸਟ ਲਈ ਜਿਹੜੇ ਪੀ ਡਬਲਯੂ ਡੀ ਲੈ ਰਹੇ ਲੋਕਾਂ ਲਈ ਟਰੱਸਟ ਬਣਾਉਣ ਦਾ ਗਿਆਨ ਰੱਖਦੇ ਹਨ:
  **ਵੈੱਬਸਾਈਟ:** planinstitute.ca/learning-centre/digital-downloads/ ਜਾਂ **ਟੈਲੀਫੋਨ:** 604-439-9566 ਜਾਂ **ਈਮੇਲ:** learning@planinstitute.ca
- ਟਰੱਸਟਾਂ ਬਾਰੇ ਖਾਸ ਸਵਾਲਾਂ ਲਈ:
  **ਟੈਲੀਫੋਨ:** 1-844-311-7526 ਜਾਂ **ਈਮੇਲ:** info@rdsp.com
- ਹਾਜ਼ਰ ਹੋ ਕੇ ਅਤੇ ਵੈਬੀਨਾਰ ਫੌਰਮੈਟ ਵਿਚ ਵਰਕਸ਼ਾਪਾਂ:
  **ਟੈਲੀਫੋਨ:** 604-439-9566 ਐਕਸਟੈਨਸ਼ਨ 158 ਜਾਂ **ਈਮੇਲ:** learning@planinstitute.ca

## ਆਪਣੇ ਟਰੱਸਟ ਨੂੰ ਐੱਮ ਐੱਸ ਡੀ ਪੀ ਆਰ ਤੋਂ ਮਾਨਤਾ ਦਿਵਾਉਣਾ

ਤੁਹਾਡੇ ਟਰੱਸਟ ਦੇ ਪੇਪਰ ਬਣ ਜਾਣ ਤੋਂ ਬਾਅਦ ਇਸ ਨੂੰ ਐੱਮ ਐੱਸ ਡੀ ਪੀ ਆਰ ਵਲੋਂ ਪ੍ਰਵਾਨ ਕੀਤੇ ਜਾਣਾ ਜ਼ਰੂਰੀ ਹੈ। ਆਪਣੇ ਲੋਕਲ ਦਫਤਰ ਨੂੰ ਇਸ ਦੀ ਕਾਪੀ ਦਿਉ ਅਤੇ ਐੱਮ ਐੱਸ ਡੀ ਪੀ ਆਰ ਕਾਨੂੰਨੀ ਰਾਇ ਲੈਣ ਲਈ ਇਸ ਨੂੰ ਵਿਕਟੋਰੀਆ ਨੂੰ ਭੇਜੇਗੀ। ਇਹ ਕਾਰਵਾਈ ਇਹ ਫੈਸਲਾ ਕਰਨ ਵਿਚ ਐੱਮ ਐੱਸ ਡੀ ਪੀ ਆਰ ਦੀ ਮਦਦ ਕਰੇਗੀ ਕਿ ਕੀ ਤੁਹਾਡਾ ਟਰੱਸਟ ਸਹੀ ਤਰ੍ਹਾਂ ਬਣਾਇਆ ਗਿਆ ਹੈ ਜਾਂ ਨਹੀਂ। ਫੈਸਲਾ ਹੋਣ ਨੂੰ ਕਈ ਹਫਤੇ ਲੱਗ ਸਕਦੇ ਹਨ।

ਜੇ ਤੁਸੀਂ ਅਜੇ ਟਰੱਸਟ ਨਹੀਂ ਬਣਾਇਆ ਅਤੇ ਤੁਹਾਨੂੰ ਉੱਕਾ ਪੁੱਕਾ ਪੈਸੇ ਮਿਲਦੇ ਹਨ ਤਾਂ ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਪੈਸੇ ਮਿਲਣ ਵੇਲੇ ਟਰੱਸਟ ਬਣਾਉਣ ਦੀ ਪਲੈਨ ਬਾਰੇ ਐੱਮ ਐੱਸ ਡੀ ਪੀ ਆਰ ਨੂੰ ਦੱਸ ਦਿਉ। ਐੱਮ ਐੱਸ ਡੀ ਪੀ ਆਰ ਇਨ੍ਹਾਂ ਫੰਡਾਂ ਨੂੰ ਤਿੰਨ ਮਹੀਨਿਆਂ ਲਈ ਛੋਟ ਦੇਵੇਗੀ ਤਾਂ ਜੋ ਆਪਣਾ ਟਰੱਸਟ ਬਣਾਉਣ ਅਤੇ ਐੱਮ ਐੱਸ ਡੀ ਪੀ ਆਰ ਦੀ ਪ੍ਰਵਾਨਗੀ ਲੈਣ ਲਈ ਤੁਹਾਨੂੰ ਸਮਾਂ ਮਿਲ ਸਕੇ। ਜੇ ਇਸ ਨੂੰ ਤਿੰਨ ਮਹੀਨਿਆਂ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ ਤਾਂ ਤੁਹਾਨੂੰ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਵਿਚ ਰਹਿਣ ਦੀ ਲੋੜ ਪਵੇਗੀ ਅਤੇ ਉਹ ਹਰ ਮਹੀਨੇ ਬਾਅਦ ਹਾਲਤ ’ਤੇ ਵਿਚਾਰ ਕਰਨਗੇ।

## ਅਪੀਲਾਂ

ਜੇ ਮਨਿਸਟਰੀ ਤੁਹਾਡੇ ਭੱਤੇ ਇਸ ਕਰਕੇ ਘਟਾ ਦਿੰਦੀ ਹੈ ਜਾਂ ਬੰਦ ਕਰ ਦਿੰਦੀ ਹੈ ਕਿਉਂਕਿ ਇਹ ਤੁਹਾਡੇ ਟਰੱਸਟ ਦੀਆਂ ਸ਼ਰਤਾਂ ਨੂੰ ਪ੍ਰਵਾਨ ਨਹੀਂ ਕਰਦੀ ਤਾਂ ਤੁਹਾਨੂੰ ਅਪੀਲ ਕਰਨ ਦਾ ਹੱਕ ਹੈ। ਪਰ, ਆਪਣੇ ਟਰੱਸਟ ਵਿਚ ਤਬਦੀਲੀ ਕਰਨ ਬਾਰੇ ਆਪਣੇ ਵਕੀਲ ਨਾਲ ਗੱਲ ਕਰਨਾ ਸ਼ਾਇਦ ਬਿਹਤਰ ਹੈ ਤਾਂ ਜੋ ਇਹ ਐੱਮ ਐੱਸ ਡੀ ਪੀ ਆਰ ਦੇ ਨਿਯਮਾਂ ਦੀ ਪਾਲਣਾ ਕਰੇ।

ਤੁਸੀਂ ਆਪਣੇ ਟਰੱਸਟ ਦੇ ਪੈਸੇ ਕਿਵੇਂ ਖਰਚਦੇ ਹੋ, ਤੁਸੀਂ ਇਸ ਨਾਲ ਸੰਬੰਧਿਤ ਐੱਮ ਐੱਸ ਡੀ ਪੀ ਆਰ ਦੀ ਨਾਂਹ ਦੇ ਵਿਰੁੱਧ ਵੀ ਅਪੀਲ ਕਰ ਸਕਦੇ ਹੋ। ਜੇ ਤੁਸੀਂ ਅਪੀਲ ਕਰਨਾ ਚਾਹੁੰਦੇ ਹੋਵੋ ਤਾਂ ਤੁਹਾਡੇ ਲਈ ਇਹ ਸੂਚਨਾ ਮਿਲਣ ਤੋਂ ਬਾਅਦ ਕਿ ਤੁਹਾਡੇ ਖਰਚੇ ਪ੍ਰਵਾਨ ਨਹੀਂ ਕੀਤੇ ਗਏ ਹਨ, 20 ਕਾਰੋਬਾਰੀ ਦਿਨਾਂ ਵਿਚ ਮਨਿਸਟਰੀ ਨੂੰ ਦੱਸਣਾ ਜ਼ਰੂਰੀ ਹੈ। ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ ਅਤੇ ਰਿਕੁਐਸਟ ਫਾਰ ਰੀਕੌਨਸਿਡਰੇਸ਼ਨ ਫਾਰਮ ਮੰਗੋ। ਜੇ ਸੰਭਵ ਹੋਵੇ ਤਾਂ ਆਪਣੀ ਅਪੀਲ ਵਿਚ ਮਦਦ ਲਈ ਕਿਸੇ ਐਡਵੋਕੇਟ (ਹਿਮਾਇਤੀ) ਨਾਲ ਸੰਪਰਕ ਕਰੋ।

## ਹੋਰ ਵਸੀਲੇ

ਟਰੱਸਟਾਂ ਬਾਰੇ ਮਨਿਸਟਰੀ ਦਾ ਬਰੋਸ਼ਰ, "ਡਿਸਏਬਿਲਟੀ ਅਸਿਸਟੈਂਸ ਅਤੇ ਟਰੱਸਟਸ" ਲੈਣ ਲਈ, ਆਪਣੀ ਐੱਮ ਐੱਸ ਡੀ ਪੀ ਆਰ ਦੇ ਲੋਕਲ ਦਫਤਰ ਨਾਲ ਸੰਪਰਕ ਕਰੋ ਜਾਂ ਇਸ ਵੈੱਬਸਾਈਟ 'ਤੇ ਜਾਉ: https://www2.gov.bc.ca/assets/gov/family-and-social-supports/services-for-people-with-disabilities/supports-services/disability_assistance_trusts.pdf.

## ਟਰੱਸਟਾਂ ਦਾ ਬਦਲ

ਸੰਪਤੀ ਨੂੰ ਛੋਟ ਦਿਵਾਉਣ ਦਾ ਇਕ ਹੋਰ ਤਰੀਕਾ ਪੈਸਿਆਂ ਨੂੰ ਰਜਿਸਟਰਡ ਡਿਸਏਬਿਲਟੀ ਸੇਵਿੰਗਜ਼ ਪਲੈਨ (ਆਰ ਡੀ ਐੱਸ ਪੀ) ਵਿਚ ਰੱਖਣਾ ਹੈ। ਪਰ, ਇਹ ਗੱਲ ਮਨ ਵਿਚ ਰੱਖੋ ਕਿ ਤੁਹਾਡੀ ਉਮਰ ਅਤੇ ਯੋਗਤਾ ਦੀਆਂ ਸ਼ਰਤਾਂ, ਜਿਵੇਂ ਕਿ ਡਿਸਏਬਿਲਟੀ ਟੈਕਸ ਕਰੈਡਿਟ, ਇਹ ਫੈਸਲਾ ਕਰ ਸਕਦੇ ਹਨ ਕਿ ਕੀ ਤੁਸੀਂ ਆਰ ਡੀ ਐੱਸ ਪੀ ਖੋਲ੍ਹ ਸਕਦੇ ਹੋ ਜਾਂ ਨਹੀਂ। ਆਰ ਡੀ ਐੱਸ ਪੀ ਬਾਰੇ ਜ਼ਿਆਦਾ ਜਾਣਕਾਰੀ ਲਈ **ਹੈਲਪ ਸ਼ੀਟ 14: ਡਿਸਏਬਿਲਟੀ ਟੈਕਸ ਕਰੈਡਿਟ** ਅਤੇ **ਹੈਲਪ ਸ਼ੀਟ 15: ਰਜਿਸਟਰਡ ਡਿਸਏਬਿਲਟੀ ਸੇਵਿੰਗਜ਼ ਪਲੈਨ** ਦੇਖੋ।

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਊਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.